25

For Record, Supdt (M)

# ਪੱਟੀਦਰਜ, ਜਾਤੀਆਂ ਸਹਿਕਾਰੀ ਭੋਂ-ਮਾਲਕ ਸਭਾ ਲਿਮਿਟਿਡ ਦੇ ਉਪਨੇਮ

ਤਸੀਲ————————ਜ਼ਿਲਾ————————

## ਨਾਉਂ

੧. ਇਸ ਸਭਾ ਨੂੰ ਪੱਟੀਦਰਜ ਜਾਤੀਆਂ ਸਹਿਕਾਰੀ ਭੋਂ-ਮਾਲਕ ਸਭਾ ਲਿਮਿਟਿਡ———— ਕਿਹਾ ਜਾਵੇਗਾ ਅਤੇ ਇਸ ਦਾ ਰਜਿਸਟਰਡ ਪਤਾ ਇਹ ਹੋਵੇਗਾ:—

————ਡਾਕਖਾਨਾ————ਤਸੀਲ————ਜ਼ਿਲਾ————

## ਮੰਤਵ

੨. ਸਭਾ ਦੇ ਮੰਤਵ, ਇਸਦੇ ਮੈਂਬਰਾਂ ਦੇ ਆਰਥਕ ਹਿਤਾਂ ਨੂੰ ਪਰਫੁਲਤ ਕਰਨਾ ਹੈ ਅਤੇ ਖਾਸ ਕਰਕੇ:

(੧) ਇਸਦੇ ਮੈਂਬਰਾਂ ਵਿਚਕਾਰ ਖੇਤੀਬਾੜੀ ਦੇ ਉਂਨਤ ਢੰਗਾਂ ਨੂੰ ਜਾਰੀ ਕਰਨਾ;

(੨) ਇਸਦੇ ਮੈਂਬਰਾਂ ਨੂੰ ਰੋਕੜ ਅਦਾਇਗੀ ਕਰਕੇ ਉੱਨਤ ਬੀਜ ਤੇ ਖਾਦ ਮੁਹੱਯਾ ਕਰਨਾ;

(੩) ਇਸਦੇ ਮੈਂਬਰਾਂ ਨੂੰ ਲਾਹੇਵੰਦ ਮੁਲਾਜ਼ਮਤ ਮੁਹੱਯਾ ਕਰਨ ਹਿਤ ਸਭਾ ਲਈ ਭੋਂ ਖਰੀਦਣਾ;

(੪) ਕਾਸ਼ਤ ਕਰਨ ਲਈ ਭੋਂ ਨੂੰ ਪੱਟੇ ਤੇ ਜਾਂ ਹੋਰ ਕਿਸੇ ਤਰ੍ਹਾਂ ਲੈ ਕੇ, ਇਸਦੀ ਵਰਤੋਂ ਦਾ ਪਰਬੰਧ ਕਰਨਾ;

(੫) ਸਭਾ ਦੀ ਉਪਜ ਦੀ ਵਿਕਰੀ ਪਰਬੰਧ ਕਰਨਾ;

(੬) ਸਭਾ ਦੀ ਵਰਤੋਂ ਲਈ ਗੱਡੀਆਂ, ਟਰੈਕਟਰ ਅਤੇ ਹੋਰ ਸੰਦ ਤੇ ਮਸ਼ੀਨਰੀ ਨੂੰ ਖਰੀਦਣਾ ਜਾਂ ਕਿਰਾਏ ਤੇ ਲੈਣਾ;

(੭) ਸਿੰਚਾਈ ਸਹੂਲਤਾਂ ਦਾ ਪਰਬੰਧ ਕਰਨਾ ਅਤੇ ਇਨ੍ਹਾਂ ਵਿੱਚ ਸੁਧਾਰ ਲਿਆਉਣਾ;

(੮) ਸਭਾ ਦੇ ਦਸੇ ਮੰਤਵਾਂ ਦੀ ਪੂਰਤੀ ਲਈ ਹੋਰ ਪਰਾਣੀਆਂ ਨਾਲ ਠੇਕਾ ਕਰਨਾ;

(੯) ਮੈਂਬਰਾਂ ਲਈ ਭੋਂ ਖਰੀਦਣ ਹਿਤ ਉਨ੍ਹਾਂ ਤੋਂ ਫੰਡ ਇਕੱਠੇ ਕਰਨ ਦਾ ਪਰਬੰਧ ਕਰਨਾ;

(੧੦) ਭੋਂ ਵਿਚ ਸੁਧਾਰ ਲਿਆਉਣ ਲਈ ਅਤੇ ਆਮ ਤੌਰ ਤੇ ਸਭਾ ਦੇ ਦੱਸੇ ਮੰਤਵਾਂ ਦੀ ਪਾਲਣਾ ਲਈ ਫੰਡਾਂ ਦਾ ਪਰਬੰਧ ਕਰਨਾ।

## ਮੈਂਬਰ

੩. ਇਸ ਦੇ ਮੈਂਬਰ ਉਹ ਪੱਟੀਦਰਜ ਜਾਤੀਆਂ ਹੋਣਗੀਆਂ ਜਿਨ੍ਹਾਂ ਦੇ ਲੱਛਣ ਸਰਕਾਰ ਵਲੋਂ ਸਮੇਂ ਸਮੇਂ ਅਧਿਸੂਚਨਾ ਰਾਹੀਂ ਦੱਸੇ ਜਾਣ, ਜੋ ਰਜਿਸਟਰੇਸ਼ਨ ਲਈ ਦਿਤੀ ਬਿਨੈ-ਪੱਤਰ ਵਿਚ ਸ਼ਾਮਲ ਹੋਣ ਅਤੇ ਇਨ੍ਹਾਂ ਉਪ-ਨੇਮਾਂ ਅਨੁਸਾਰ ਮੰਨ ਲਏ ਜਾਣ।

੪. ਸਭਾ ਦਾ ਹਰ ਮੈਂਬਰ :—

(੧) ਪਿੰਡ ਵਿਚ ਸਾਧਾਰਣ ਤੌਰ ਤੇ ਰਹਿੰਦਾ ਹੋਵੇ;

(੨) ਚੰਗੇ ਚਲਨ ਦਾ ਹੋਵੇ।

੫. ਮੈਂਬਰ, ਆਮ ਇਕੱਤਰਤਾ ਦੀ ਪੁਸ਼ਟੀ ਦੇ ਅਧੀਨ ਰਹਿੰਦਿਆਂ ਪਰਬੰਧਕ ਕਮੇਟੀ ਵਲੋਂ ਚੋਣ ਤੋਂ ਪਿਛੋਂ ਮੈਂਬਰ ਮੰਨ ਲਏ ਜਾਣਗੇ।

੬. ਮੈਂਬਰ ਬਣਨ ਤੇ ਹਰ ਮੈਂਬਰ——ਰੁਪਏ ਦਾਖਲਾ ਫੀਸ ਵਜੋਂ ਦੇਵੇਗਾ ਅਤੇ ਸਭਾ ਵਿਚ ਹਰ ਮੈਂਬਰ ਦਾ ਘਟ ਤੋਂ ਘਟ ਇੱਕ ਹਿੱਸਾ ਹੋਵੇਗਾ, ਹਰ ਮੈਂਬਰ, ਮੈਂਬਰਾਂ ਦੇ ਰਜਿਸਟਰ ਵਿਚ ਆਪਣਾ ਨਾਉਂ ਲਿਖਕੇ ਦਸਖਤ ਕਰੇਗਾ ਜਾਂ ਨਿਸ਼ਾਨ ਅੰਗੂਠਾ ਲਾਏਗਾ। ਅਜਿਹਾ ਹੋਣ ਤੇ ਉਹ ਸਭਾ ਦੇ ਹੱਕਾਂ ਤੇ ਦੇਣਦਾਰੀਆਂ ਵਿੱਚ ਹਿੱਸਾ ਪਾਵੇਗਾ।

੭. ਮੈਂਬਰੀ—

(੧) ਮੌਤ ਹੋਣ ਨਾਲ;

(੨) ਪਿੰਡ————ਵਿੱਚ ਪੱਕੇ ਤੌਰ ਤੇ ਰਹਿਣਾ ਬੰਦ ਕਰਨ ਨਾਲ, ਖਤਮ ਹੋ ਜਾਵੇਗੀ।

(੩) ਮੈਂਬਰ, ਸਭਾ ਦੇ ਸਕੱਤਰ ਨੂੰ ਇੱਕ ਮਹੀਨੇ ਦਾ ਨੋਟਸ ਦੇਣ ਉਪਰੰਤ ਸਭਾ ਤੋਂ ਆਪਣਾ ਨਾਉਂ ਵਾਪਸ ਲੈ ਸਕੇਗਾ।

੮. ਹਰ ਮੈਂਬਰ ਉਸ ਪਰਾਣੀ ਜਾਂ ਪਰਾਣੀਆਂ ਨੂੰ ਨਾਮਜ਼ਦ ਕਰੇਗਾ ਜਿਸ/ਜਿਨ੍ਹਾਂ ਨੂੰ ਉਸਦਾ ਹਿੱਸਾ ਜਾਂ ਹਿਤ ਜਿਸ ਦਾ ਐਕਟ ਦੀ ਧਾਰਾ ੨੨ ਵਿੱਚ ਜ਼ਿਕਰ ਕੀਤਾ ਗਿਆ ਹੈ, ਉਸਦੀ ਮੌਤ ਹੋਣ ਤੇ, ਤਬਦੀਲ ਕੀਤਾ

ਜਾਵੇਗਾ ਜਾਂ ਸਪੱਸ਼ਟ ਕੀਤੀ ਰਕਮ ਦਿਤੀ ਜਾਵੇਗੀ ਅਤੇ ਉਹ ਅਜੇਹੀ ਨਾਮਜ਼ਦਗੀ ਨੂੰ ਸਮੇਂ ਸਮੇਂ ਰਦ ਕਰ ਸਕੇਗਾ ਜਾਂ ਇਸ ਵਿੱਚ ਸੋਧ ਕਰ ਸਕੇਗਾ ਪਰ ਕੋਈ ਮੈਂਬਰ ਇੱਕ ਤੋਂ ਵੱਧ ਪਰਾਣੀ ਨਾਮਜ਼ਦ ਨਹੀਂ ਕਰੇਗਾ ਜਦ ਤਾਈਂ ਕਿ ਉਸਦੇ ਇੱਕ ਤੋਂ ਵੱਧ ਹਿੱਸੇ ਨਾ ਹੋਣ ਅਤੇ ਕਿਸੇ ਵੀ ਹਾਲਤ ਵਿਚ ਜਦ ਤਾਈਂ ਨਾਮਜ਼ਦ ਕਰਨ ਸਮੇਂ ਅਜਿਹੇ ਨਾਮਜ਼ਦ ਕੀਤੇ ਪਰਾਣੀ ਨੂੰ ਦਿਤੀ ਜਾਣ ਵਾਲੀ ਰਕਮ ਭਾਵੇਂ ਸਾਰੇ ਦੇ ਸਾਰੇ ਹਿੱਸੇ ਰਾਹੀਂ ਜਾਂ ਤਬਾਦਲੇ ਲਈ ਹਾਜ਼ਰ ਰਕਮ ਦੇ ਬਦਲੇਂ ਹਿੱਸੇ ਰਾਹੀਂ, ਜਿਵੇਂ ਵੀ ਸੂਰਤ ਹੋਵੇ ਮੁਨਾਸਬ ਤੌਰ ਸਪੱਸ਼ਟ ਨਾ ਕੀਤੀ ਜਾਵੇ, ਇਹ ਨਾਮਜ਼ਦਗੀ ਮੈਂਬਰਾਂ ਦੇ ਰਜਿਸਟਰ ਵਿੱਚ ਲਿਖੀ ਜਾਵੇਗੀ ਅਤੇ ਇਸਦੀ ਮੈਂਬਰ ਦੇ ਨਿਸ਼ਾਨ ਅੰਗੂਠੇ ਜਾਂ ਦਸਖਤਾਂ ਨਾਲ ਤਸਦੀਕ ਕੀਤੀ ਜਾਵੇਗੀ। ਹਿੱਸੇ ਜਾਂ ਹਿਤ ਦਾ ਮੁੱਲ ਉਸ ਰਕਮ ਰਾਹੀਂ ਦਰਸਾਇਆ ਜਾਵੇਗਾ ਜਿਹੜੀ ਅਜਿਹਾ ਹਿੱਸਾ ਪਰਾਪਤ ਕਰਨ ਲਈ ਉਸ ਵਲੋਂ ਅਸਲ ਤੌਰ ਤੇ ਦਿੱਤੀ ਜਾਵੇ ਜਦ ਤਾਈਂ ਕਿ ਉਪਨੇਮ ਵਿੱਚ ਹਿਸਾਬ-ਕਿਤਾਬ ਰਾਹੀਂ ਜਾਂ ਹੋਰ ਕਿਸੇ ਤਰ੍ਹਾਂ ਉਪਬੰਧ ਨਾ ਕੀਤਾ ਜਾਵੇ। ਨਾਮਜ਼ਦ ਹੋਇਆ ਪਰਾਣੀ ਕੇਵਲ ਉਦੋਂ ਹੀ ਮੈਂਬਰ ਬਣ ਸਕੇਗਾ ਜਦੋਂ ਕਮੇਟੀ ਵਲੋਂ ਮੰਨ ਲਿਆ ਜਾਵੇ। ਕੋਈ ਮੈਂਬਰ ਆਪਣਾ ਹਿੱਸਾ, ਪਰਬੰਧਕ ਕਮੇਟੀ ਦੀ ਅਗੇਤਰ ਮਨਜ਼ੂਰੀ ਤੋਂ ਬਿਨਾਂ ਤਬਦੀਲ ਨਹੀਂ ਕਰੇਗਾ। ਹਿੱਸੇ ਦਾ ਮੁੱਲ, ਇੱਕ ਹਾਲਤ ਵਿੱਚ ਸਭਾ ਵਲੋਂ ਇਸ... ਅਦਾਇਗੀ ਵਜੋਂ ਵਸੂਲ ਕੀਤੀ ਰਕਮ ਤੋਂ ਵਧ ਹੋਵੇਗਾ।

੯. ਮੈਂਬਰ ਹੇਠ ਲਿਖੀਆਂ ਗੱਲਾਂ ਕਰਕੇ ਕਢਿਆ ਜਾ ਸਕਦਾ ਹੈ:–

(੧) ਬੇਈਮਾਨੀ, ਇਖ਼ਲਾਕੀ ਗਿਰਾਵਟ ਤੋਂ ਪੈਦਾ ਹੋਏ ਫ਼ੌਜਦਾਰੀ ਅਪਰਾਧਾਂ ਦੀ ਦੋਸ਼-ਸਿਧੀ ਜਾਂ ਜਿਸ ਦੇ ਨਤੀਜੇ ਵਜੋਂ ਉਸ ਨੂੰ ਤਿੰਨ ਜਾਂ ਇਸ ਤੋਂ ਵਧ ਮਹੀਨਿਆਂ ਲਈ ਕੈਦ ਹੋਈ ਹੋਵੇ;

(੨) ਦਿਵਾਲਾ ਜਾਂ ਦਿਵਾਲੇ ਲਈ ਬਿਨੈ-ਪੱਤਰ;

(੩) ਕੋਈ ਕਾਰਵਾਈ ਜਿਹੜੀ ਪਰਬੰਧਕ ਕਮੇਟੀ ਅਤੇ ਆਮ ਇਕਤੱਰਤਾ ਵਲੋਂ ਕਰਾਰ ਦਿਤੀ ਜਾਵੇ ਕਿ ਇਹ ਬੇਈਮਾਨੀ ਨਾਲ ਕੀਤੀ ਗਈ ਜਾਂ ਸਹਿਕਾਰਤਾ ਦੇ ਹਿਤਾਂ ਜਾਂ ਸਭਾ ਦੇ ਦੱਸੇ ਮੰਤਵਾਂ ਦੇ ਵਿਰੁਧ ਹੈ।

੧੦. ਸਭਾ ਵਲੋਂ ਕਿਸੇ, ਮੈਂਬਰ ਜਾਂ ਸਾਬਕਾ ਮੈਂਬਰ ਜਾਂ ਉਸ ਰਾਹੀਂ ਹੱਕ ਜਮਾਉਂਦੇ ਕਿਸੇ ਪਰਾਣੀ ਨੂੰ ਕਿਸੇ ਲੇਖੇ ਵਜੋਂ, ਦੇਣ ਯੋਗ ਕੋਈ ਰਕਮ, ਕਿਸੇ ਉਸ ਰਕਮ ਦੀ ਅਦਾਇਗੀ ਵਜੋਂ ਕੱਟੀ ਜਾ ਸਕੇਗੀ ਜਿਹੜੀ ਕਿ ਉਸਨੇ ਦੇਣੀ ਹੈ ਜਾਂ ਇਸ ਲਈ ਉਹ ਜ਼ਮਾਨਤੀ ਹੈ।

ਦੇਣਦਾਰੀ

੧੧. ਹਰੇਕ ਮੈਂਬਰ ਦੀ ਦੇਣਦਾਰੀ, ਹਿਸਾ-ਮੁੱਲ ਦੇ ਪੰਜ ਗੁਣੇ ਤਕ ਸੀਮਤ ਹੈ।

ਪੂੰਜੀ

੧੨. ਪੂੰਜੀ ਇਨ੍ਹਾਂ ਨਾਲ ਬਣੇਗੀ:–

(੧) ਅਜਿਹੇ ਚੰਦੇ ਜਿਹੜੇ ਆਮ ਇਕੱਤਰਤਾ ਵਿੱਚ ਮੈਂਬਰਾਂ ਵਲੋਂ ਸਮੇਂ ਸਮੇਂ ਨਿਸਚਿਤ ਕੀਤੇ ਜਾਣ;

(੨) ਮੈਂਬਰਾਂ ਵਲੋਂ ਜਮਾਂ ਕਰਾਈਆਂ ਰਕਮਾਂ;

(੩) ਮੈਂਬਰਾਂ ਤੇ ਗੈਰ-ਮੈਂਬਰਾਂ ਵਲੋਂ ਜਮਾਂ ਕਰਾਈਆਂ ਰਕਮਾਂ ਤੇ ਕਰਜ਼ੇ;

(੪) ਜੁਰਮਾਨੇ ਤੇ ਦੰਡ;

(੫) ਸਰਕਾਰੀ ਗਰਾਂਟਾਂ;

(੬) ਨਫੇ;

(੭) 10/—ਰੁਪਏ ਪ੍ਰਤੀ ਹਿੱਸੇ ਦੇ ਮੁੱਲ ਦੇ ਹਿਸਿਆਂ ਦੀ ਅਨਿਸਚਿਤ ਗਿਣਤੀ ਜੋ ਬਿਨੈ-ਪਤਰਾਂ ਆਉਣ ਤੇ ਪੂਰੇ ਦਾ ਪੂਰਾ ਦਿਤਾ ਜਾਵੇਗਾ ਗੈਰਮੈਂਬਰਾਂ ਤੋਂ ਜਮਾਂ ਰਕਮਾਂ ਤੇ ਕਰਜ਼ਿਆਂ ਦਾ ਲੈਣਾ ਉਨ੍ਹਾਂ ਕਿਸੇ ਪਾਬੰਦੀਆਂ ਦੇ ਅਧੀਨ ਰਹਿੰਦਿਆਂ ਹੋਵੇਗਾ ਜਿਹੜੀਆਂ ਰਜਿਸਟਰਾਰ ਲਾਵੇ।

੧੩. ਹਰ ਮੈਂਬਰ ਘਟ ਤੋਂ ਘਟ ਇੱਕ ਹਿੱਸਾ ਖਰੀਦੇਗਾ ਅਤੇ ਕਿਸੇ ਮੈਂਬਰ ਪਾਸ ਉਹ ਹਿੱਸਾ ਨਹੀਂ ਹੋਵੇਗਾ ਜਿਸਦਾ ਮੁੱਲ ੧੦੦੦/–ਰੁਪਏ ਤੋਂ ਵਧ ਹੋਵੇ ਜਾਂ ਚੰਦਾ ਪਾਕੇ ਅਸਲੋਂ ਬਣੀ ਕੁਲ ਹਿਸਾ-ਪੂੰਜੀ ਦੇ ਪੰਜਵੇਂ ਹਿੱਸੇ ਤੋਂ ਵਧ, ਹੋਵੇ ਜੇ ਕੋਈ ਮੈਂਬਰ ਵਿਰਸੇ ਰਾਹੀਂ ਜਾਂ ਹੋਰ ਕਿਸੇ ਤਰ੍ਹਾਂ, ਇਨ੍ਹਾਂ ਉਪਨੇਮਾਂ ਰਾਹੀਂ ਆਗਿਆ ਦਿਤੀ ਵਧ ਤੋਂ ਵਧ ਜਾਇਦਾਦ ਤੋਂ ਵਧ ਜਾਇਦਾਦ ਦਾ ਮਾਲਕ ਬਣ ਜਾਵੇ ਤਾਂ ਪਰਬੰਧਕ ਕਮੇਟੀ ਨੂੰ ਅਧਿਕਾਰ ਹੋਣਗੇ ਕਿ ਉਹ ਵਧ ਗਿਣਤੀ ਦੀ ਜਾਇਦਾਦ ਨੂੰ ਵੇਚੇ ਜਾਂ, ਉਨ੍ਹਾਂ ਨੂੰ ਸਭਾ ਦੀ ਤਰਫੋਂ ਖਰੀਦੇ ਅਤੇ ਉਸ ਦੀ ਵਟਤ ਆਪਣੇ ਪਾਸ ਰੱਖੇ।

੧੪. ਹਿੱਸੇ, ਮੌਜੂਦਾ ਮੈਂਬਰਾਂ ਜਾਂ ਉਨ੍ਹਾਂ ਪਰਾਣੀਆਂ ਨੂੰ ਤਬਦੀਲ ਕੀਤੇ ਜਾ ਸਕਦੇ ਹਨ ਜੋ ਇਸ ਪਰਯੋਜਨ ਲਈ ਪਰਬੰਧਕ ਕਮੇਟੀ ਵਲੋਂ, ਆਮ ਇਕਤੱਰਤਾ ਵਲੋਂ ਕੀਤ ਪੁਸ਼ਟੀ ਦੇ ਅਧੀਨ ਰਹਿੰਦਿਆਂ ਪਰਵਾਨ ਕੀਤੇ ਜਾਣ।

## ਆਮ ਇਕਤਰਤਾ

੧੫. ਸਰਬ-ਉਚ ਅਧਿਕਾਰ, ਆਮ ਇਕੱਤਰਤਾ ਵਿੱਚ ਹੋਣਗੇ ਜੋ ਸਾਉਣੀ ਦੀ ਫਸਲ ਬੀਜਣ ਤੋਂ ਪਹਿਲਾਂ ਸਾਲਾਨਾ ਜਾਂ ਹੋਰ ਕਿਸੇ ਸਮੇਂ ਜਦੋਂ ਰਜਿਸਟਰਾਰ ਜਾਂ ਪਰਧਾਨ ਜਾਂ ਕਮੇਟੀ ਵਲੋਂ ਆਪਣੀ ਸਵੈ-ਮਰਜ਼ੀ ਤੇ ਜਾਂ ਘਟ ਤੋਂ ਘਟ ੬ ਮੈਂਬਰਾਂ ਦੀ ਲਿਖਤੀ ਬਿਨੈ ਤੇ ਸੱਦੀ ਜਾਵੇ, ਹੋਵੇਗੀ।

ਅਜੇਹੀਆਂ ਇਕੱਤਰਤਾਵਾਂ ਤੇ ਕਿਸੇ ਕਾਰ-ਵਿਹਾਰ ਦੇ ਨਜਿਠਣ ਲਈ ਘਟ ਤੋਂ ਘਟ ਇੱਕ ਤਿਹਾਈ ਮੈਂਬਰਾਂ ਦੀ ਹਾਜ਼ਰੀ ਜ਼ਰੂਰੀ ਹੋਵੇਗੀ ਪਰ ਸ਼ਰਤ ਇਹ ਹੈ ਕਿ ਜਦੋਂ ਮੈਂਬਰਾਂ ਦੀ ਕੁਲ ਗਿਣਤੀ ੯੦ ਤੋਂ ਵਧ ਹੋਵੇ ਤਾਂ ੩੦ ਮੈਂਬਰ ਕਾਫੀ ਹੋਣਗੇ।

ਮੈਂਬਰਾਂ ਨੂੰ ਆਮ ਇਕਤੱਰਤਾ ਦਾ ਘਟ ਤੋਂ ਘਟ ੭ ਦਿਨ ਦਾ ਨੋਟਸ ਦਿਤਾ ਜਾਵੇਗਾ।

੧੬. ਆਮ ਇਕਤਰਤਾ ਵਿੱਚ ਨਿਮਨ ਲਿਖਤ ਕਾਰ-ਵਿਹਾਰ ਕੀਤਾ ਜਾਵੇਗਾ:-

(੧) ਪਰਬੰਧਕ ਕਮੇਟੀ ਦੇ ਮੈਂਬਰਾਂ ਜਿਸ ਵਿੱਚ ਪਰਧਾਨ ਅਤੇ ਇੱਕ ਜਾਂ ਇੱਕ ਤੋਂ ਵਧ ਮੀਤ ਪਰਧਾਨ ਸ਼ਾਮਲ ਹਨ, ਦੀ ਚੋਣ, ਮੁਅਤਲੀ ਅਤੇ ਬਰਖਾਸਤਗੀ;

(੨) ਲਏ ਜਾਣੇ ਵਾਲੇ ਚੰਦਿਆਂ ਦਾ ਨਿਸਚਿਤ ਕਰਨਾ;

(੩) ਆਉਣ ਵਾਲੇ ਸਾਲ ਵਿੱਚ ਜਾਰੀ ਕੀਤੇ ਜਾਣ ਵਾਲੇ ਵਾਧਿਆਂ ਦਾ ਨਿਸਚਿਤ ਕਰਨਾ;

(੪) ਸਭਾ ਦੀ ਰਕਮ ਨੂੰ ਰੱਖਣ ਲਈ ਖ਼ਜ਼ਾਨਚੀ ਦੀ ਚੋਣ;

(੫) ਲੇਖਿਆਂ, ਅਤੇ ਬਕਾਇਆ ਚਿਠਿਆਂ ਦਿਆਂ ਸਾਲਾਨਾ ਨਕਸ਼ਿਆਂ ਅਤੇ ਲੇਖਾ-ਪੜਤਾਲਕਾਰ ਦੀ ਰਪੋਟ ਅਤੇ ਰਜਿਸਟਰਾਰ, ਇਨਸਪੈਕਟਰ ਅਤੇ ਖੇਤੀਬਾੜੀ ਵਿਭਾਗ ਦੇ ਅਫਸਰਾਂ ਦੇ ਮੁਆਇਨਿਆਂ ਦੀ ਵਿਚਾਰ;

(੬) ਐਕਟ, ਅਧਿਸੂਚਨਾ ਅਤੇ ਇਨ੍ਹਾਂ ਉਪਨੇਮਾਂ ਅਨੁਸਾਰ ਨਫਿਆਂ ਦਾ ਨਿਪਟਾਰਾ;

(੭) ਮੈਂਬਰਾਂ ਦੇ ਦਾਖਲ ਕਰਨ ਅਤੇ ਕੱਢਣ ਦੀ ਪੁਸ਼ਟੀ;

(੮) ਰਜਿਸਟਰਾਰ ਦੀ ਮਨਜ਼ੂਰੀ ਦੇ ਅਧੀਨ ਰਹਿੰਦਿਆਂ ਉਪਨੇਮਾਂ ਦੀ ਸੋਧ;

(੯) ਭੋਂ ਦੀ ਕਾਸ਼ਤ ਅਤੇ ਇਸਦੇ ਸੁਧਾਰ ਹਿਤ ਕਮੇਟੀ ਦੀ ਅਗਵਾਈ ਲਈ ਸਕੀਮ ਦਾ ਤਿਆਰ ਕਰਨਾ;

(੧੦) ਭੋਂ ਨੂੰ ਪੱਟੇ ਤੇ ਦੇਣਾ ਅਤੇ ਖੁਦਕਾਸ਼ਤ ਦਾ ਪਰਬੰਧ ਕਰਨਾ;

(੧੧) ਹਰ ਕੋਈ ਕਾਰ-ਵਿਹਾਰ ਜਿਸ ਦੇ ਕਰਨ ਦਾ ਪਰਬੰਧਕ ਕਮੇਟੀ ਨੂੰ ਅਧਿਕਾਰ ਨਹੀਂ ਅਤੇ ਕੰਮ ਚਲਾਉਣ ਦੇ ਸਮਰੱਥ ਨਹੀਂ।

੧੭. ਉਪਨੇਮਾਂ ਵਿੱਚ ਸੋਧਾਂ, ਕੇਵਲ ਇਕਤਰਤਾ ਦੀ ਬਹੁ-ਗਿਣਤੀ ਵਲੋਂ ਕੀਤੀਆਂ ਜਾਣਗੀਆਂ ਜਿਸ ਵਿੱਚ ਘਟ ਤੋਂ ਘਟ ੨/੩ ਮੈਂਬਰ ਹਾਜ਼ਰ ਹੋਣ, ਪਰ ਸ਼ਰਤ ਇਹ ਕਿ ਰਜਿਸਟਰਾਰ ਵਲੋਂ ਅਗੇਤਰ ਪਰਵਾਨ ਕੀਤੀਆਂ ਸੋਧਾਂ, ਉਸ ਆਮ ਇਕਤਰਤਾ ਜਿਸ ਵਿੱਚ ਅਜੇਹੀਆਂ ਸੋਧਾਂ ਸਬੰਧੀ ਮੁਨਾਸਬ ਨੋਟਸ ਪਹਿਲਾਂ ਹੀ ਦਿੱਤਾ ਗਿਆ ਹੋਵੇ, ਵਿੱਚ ਹਾਜ਼ਰ ਮੈਂਬਰਾਂ ਦੀ ਦੋ ਤਿਹਾਈ ਬਹੁਗਿਣਤੀ ਨਾਲ ਅਪਣਾਈਆਂ ਜਾਣਗੀਆਂ, ਆਮ ਇਕਤਰਤਾ ਅਗੇ ਪੇਸ਼ ਹੋਏ ਹਰ ਸਾਰੇ ਸਵਾਲਾਂ ਦਾ ਫੈਸਲਾ ਬਹੁ-ਗਿਣਤੀ ਵੋਟਾਂ ਰਾਹੀਂ ਹੋਵੇਗਾ। ਜਦੋਂ ਵੋਟਾਂ ਬਰਾਬਰ ਹੋਣ ਤਾਂ ਸਭਾਪਤੀ ਦੀ ਵੋਟ ਫੈਸਲਾ-ਕੁਨ ਹੋਵੇਗੀ।

੧੮. ਹਰ ਮੈਂਬਰ ਦੀ ਇੱਕ ਵੋਟ ਹੋਵੇਗੀ, ਕਿਸੇ ਪਰਾਕਸੀ ਦੀ ਆਗਿਆ ਨਹੀਂ ਹੋਵੇਗੀ।

੧੯. ਆਮ ਇਕਤਰਤਾ ਵਿੱਚ ਵਿਚਾਰਿਆ ਤੇ ਫੈਸਲਾ ਕੀਤਾ ਗਿਆ ਕਾਰ-ਵਿਹਾਰ, ਕਾਰਵਾਈ ਪੁਸਤਕ ਵਿੱਚ ਦਰਜ ਕੀਤਾ ਜਾਵੇਗਾ ਜਿਸ ਤੇ ਉਸ ਇਕਤਰਤਾ ਦੇ ਸਭਾਪਤੀ ਵਲੋਂ ਸਹੀ ਪਾਈ ਜਾਵੇਗੀ।

## ਪਰਬੰਧਕ ਕਮੇਟੀ

੨੦. ਪਰਬੰਧਕ ਕਮੇਟੀ ਵਿੱਚ ੨੧ ਸਾਲ ਦੀ ਉਮਰ ਤੋਂ ਵਧ ਸਭਾ ਦੇ ਘਟ ਤੋਂ ਘਟ ੫ ਮੈਂਬਰ ਹੋਣਗੇ ਜਿਸ ਵਿੱਚ ਪਰਧਾਨ ਅਤੇ ਇੱਕ ਜਾਂ ਇੱਕ ਤੋਂ ਵਧ ਮੀਤ ਪਰਧਾਨ ਸ਼ਾਮਲ ਹਨ। ਮੈਂਬਰ ਇੱਕ ਸਾਲ ਲਈ ਚੁਣੇ ਜਾਣਗੇ ਅਤੇ ਮੁੜ-ਚੋਣ ਦੇ ਪਾਤਰ ਹੋਣਗੇ, ਪਰ ਸ਼ਰਤ ਇਹ ਕਿ ਜੇ ਕਿਸੇ ਅੱਟਲ ਕਾਰਣਾਂ ਕਰਕੇ ਆਮ ਇਕਤਰਤਾ ਸਾਲ ਅੰਦਰ ਕਿਸੇ ਮੁਨਾਸਬ ਥਾਂ ਨਾ ਕੀਤੀ ਜਾ ਸਕੇ ਤਾਂ ਮੌਜੂਦਾ ਕਮੇਟੀ, ਉਸ ਵੇਲੇ ਤਕ ਪਦਵੀ ਤੇ ਰਹੇਗੀ ਜਦ ਤਕ ਕਿ ਨਵੀਂ ਕਮੇਟੀ ਚੁਣੀ ਨਹੀਂ ਜਾਂਦੀ, ਪਰ ਅਜੇਹੀ ਚੋਣ ਕਿਸੇ ਵੀ ਹਾਲਤ ਵਿੱਚ, ਪਹਿਲੀ ਕਮੇਟੀ ਦੀ ਚੋਣ ਪਿਛੋਂ ੧੮ ਮਹੀਨੇ ਪਿਛੋਂ ਕੀਤੀ ਜਾਵੇਗੀ।

੨੧. ਕਮੇਟੀ ਦਾ ਮੈਂਬਰ, ਮੈਂਬਰ ਹੋਣਾ ਬੰਦ ਹੋ ਜਾਵੇਗਾ ਜੇ ਉਹ:—

(੧) ਸਭਾ ਦਾ ਮੈਂਬਰ ਹੋਣਾ ਬੰਦ ਹੋ ਜਾਵੇ;

(੨) ਦਿਵਾਲੇ ਲਈ ਬਿਨੈ-ਪਤਰ ਦੇਵੇ ਅਤੇ ਉਸ ਨੂੰ ਦਿਵਾਲੀਆ ਕਰਾਰ ਦਿਤਾ ਜਾਵੇ;

(੩) ਉਸ ਦੇ ਹੋਸ਼-ਹਵਾਸ ਕਾਇਮ ਨਾ ਰਹਿਣ;

(੪) ਬੇਈਮਾਨੀ ਦੇ ਕਿਸੇ ਦੋਸ਼ ਦਾ ਸਿਧ-ਦੋਸ਼ੀ ਕਰਾਰ ਦਿਤਾ ਜਾਵੇ ਅਤੇ ਜਿਸ ਨੂੰ ਤਿੰਨ ਮਹੀ.
ਇਸ ਤੋਂ ਵਧ ਕੈਦ ਕੀਤੀ ਗਈ ਹੋਵੇ ।

੨੨. ਜਦੋਂ ਜ਼ਰੂਰੀ ਹੋਵੇ ਕਮੇਟੀ ਦੀਆਂ ਇਕਤਰਤਾਵਾਂ ਕੀਤੀਆਂ ਜਾਣਗੀਆਂ । ਕਿਸੇ ਕਾਰ-ਵਿਹਾਰ ਨੂੰ ਨਿਪਟਾਉਣ ਲਈ ਘਟ ਤੋਂ ਘਟ ਤਿੰਨ ਮੈਂਬਰਾਂ ਦੀ ਹਾਜ਼ਰੀ ਜ਼ਰੂਰੀ ਹੋਵੇਗੀ । ਪਰਧਾਨ ਜਾਂ ਮੀਤ ਪਰਧਾਨ ਦੀ ਗੈਰ-ਹਾਜ਼ਰੀ ਵਿੱਚ ਮੈਂਬਰਾਂ ਵਿਚੋਂ ਕੋਈ ਇਕ ਪਰਧਾਨਗੀ ਕਰੇਗਾ । ਹਰ ਮੈਂਬਰ ਦੀ ਇੱਕ ਵੋਟ ਹੋਵੇਗੀ । ਸਭਾਪਤੀ ਦੀ ਫੈਸਲਾ-ਕੁਨ ਵੋਟ ਹੋਵੇਗੀ ।

੨੩. ਉਪ-ਨੇਮਾਂ ਵਿੱਚ ਜਾਂ ਆਮ-ਇਕਤਰਤਾ ਵਿੱਚ ਸਭਾ ਵਲੋਂ ਯੋਗ ਤੌਰ ਤੇ ਲਾਈ ਗਈ ਪਾਬੰਦੀ ਜਾਂ ਨੇਮ ਦੇ ਅਧੀਨ ਰਹਿੰਦੀਆਂ ਕਮੇਟੀ ਸਭਾ ਦੇ ਸਾਰੇ ਅਧਿਕਾਰਾਂ ਦੀ ਵਰਤੋਂ ਕਰੇਗੀ ਸਿਵਾਏ ਉਨ੍ਹਾਂ ਅਧਿਕਾਰਾਂ ਦੇ ਜੋ ਆਮ ਇਕਤਰਤਾ ਲਈ ਰਾਖਵੇਂ ਰਖੇ ਹੋਣ ਅਤੇ ਖਾਸ ਕਰਕੇ ਕਮੇਟੀ ਦੇ ਨਿਮਨ ਲਿਖਤ ਅਧਿਕਾਰ ਤੇ ਫਰਜ਼ ਹੋਣਗੇ :—

(੧) ਆਪਣੇ ਹਰ ਕਾਰ-ਵਿਹਾਰ ਵਿੱਚ ਐਕਟ, ਅਧਿਸੂਚਤ ਨੇਮਾਂ ਅਤੇ ਇਨ੍ਹਾਂ ਉਪ-ਨੇਮਾਂ ਨੂੰ ਅਪਣਾਉਣਾ;

(੨) ਵਸੂਲ ਕੀਤੀ ਤੇ ਖਰਚੀ ਸਾਰੀ ਰਕਮ ਅਤੇ ਸਾਰੇ ਖਰੀਦੇ ਤੇ ਵੇਚੇ ਸਟਾਕ ਦੇ ਲੇਖਿਆਂ ਦਾ [illegible] ਤ ਦਰੁਸਤ ਹਿਸਾਬ ਰਖਣਾ ;

(੩) ਸਭਾ ਦੇ ਧੰਨ ਧਾਮ ਅਤੇ ਦੇਣਦਾਰੀਆਂ ਦਾ ਸਹੀ ਹਿਸਾਬ ਰਖਣਾ;

(੪) ਮੈਂਬਰਾਂ ਦਾ ਸਹੀ ਦੇ ਮੁਕੰਮਲ ਰਜਿਸਟਰ ਰਖਣਾ;

(੫) ਨਫੇ ਤੇ ਘਾਟੇ ਦਾ ਹਿਸਾਬ ਅਤੇ ਬਕਾਇਆ-ਚਿੱਠਾ ਤਿਆਰ ਕਰਨਾ ਅਤੇ ਸਾਲਾਨਾ ਆਮ ਇਕਤਰਤਾ ਅਗੇ ਪੇਸ਼ ਕਰਨਾ ;

(੬) ਹਿਸਾਬ-ਕਿਤਾਬ ਦੀ ਪੜਤਾਲ ਕਰਨਾ, ਉ[illegible]ਲੇ ਖਰਚਾਂ ਦੀ ਮਨਜ਼ੂਰੀ ਦੇਣਾ ਅਤੇ ਨੀਅਤ ਕੀਤੇ ਰਜਿਸਟਰਾਂ ਦੀ ਸੰਭਾਲ ਦੀ ਨਿਗਰਾਨੀ ਕਰਨਾ;

(੭) ਰਜਿਸਟਰਾਰ, ਇਨਸਪੈਕਟਰ ਅਤੇ ਖੇਤੀਬਾੜੀ ਵਿਭਾਗ ਦੇ ਅਫਸਰ ਦੇ ਮੁਆਇਨ-ਨੋਟ ਉਤੇ ਵਿਚਾਰ ਕਰਨਾ ਅਤੇ ਲੋੜੀਂਦੀ ਕਾਰਵਾਈ ਕਰਨਾ ;

(੮) ਆਮ ਇਕਤਰਤਾ ਦੀ ਪੁਸ਼ਟੀ ਦੇ ਅਧੀਨ ਰਹਿੰਦਿਆਂ ਪੁਰਾਣੇ ਹਿੱਸੇ ਜਾਰੀ ਕਰਨ ਅਤੇ ਤਬਦੀਲ ਕਰਨ ਲਈ ਨਵੇਂ ਮੈਂਬਰ ਚੁਨਣਾ;

(੯) ਉਪਨੇਮ ੧੫ ਅਨੁਸਾਰ ਆਮ ਇਕਤਰਤਾ ਬੁਲਾਉਣਾ;

(੧੦) ਆਮ-ਇਕਤਰਤਾ ਜਾਂ ਰਜਿਸਟਰਾਰ ਵਲੋਂ ਲਾਈ ਗਈ ਪਾਬੰਦੀ ਦੇ ਅਧੀਨ ਰਹਿੰਦਿਆਂ ਕਰਜ਼ੇ ਦਾ ਪਰਬੰਧ ਕਰਨਾ ;

(੧੧) ਉਪਜ-ਬੀਜ-ਖਾਦ ਖਰੀਦਣੀ ਤੇ ਵੇਚਣ ਅਤੇ ਖਰੀਦ ਤੇ ਵੇਚਣ ਦੀਆਂ ਸ਼ਰਤਾਂ ਦਾ ਫੈਸਲਾ ਕਰਨਾ, ਸਾਰੀਆਂ ਵਿਕਰੀਆਂ ਕੇਵਲ ਨਕਦ ਹੋਣਗੀਆਂ ;

(੧੨) ਸ਼ਰਤਾਂ ਜਿਨ੍ਹਾਂ ਅਨੁਸਾਰ ਮਿਆਦ ਜਿਸ ਲਈ, ਦਰ-ਸੂਦ ਜਿਸ ਤੇ ਰਕਮਾਂ ਵਸੂਲ ਕਰਨੀਆਂ ਹਨ ਦਾ ਫੈਸਲਾ ਕਰਨਾ ਅਤੇ ਮੁੜ ਅਦਾਇਗੀ ਜਾਂ ਰਕਮਾਂ ਦੀ ਵਾਪਸੀ ਦਾ ਪਰਬੰਧ ਕਰਨਾ;

(੧੩) ਕਿਸੇ ਪਰਾਣੀ ਜਿਸ ਨੂੰ ਕਿ ਉਨ੍ਹਾਂ ਦੇ ਵੇਖਣ ਦਾ ਅਧਿਕਾਰ ਹੋਵੇ ਦੀ ਪੁਸਤਕਾਂ ਦੇ ਮੁਆਇਨੇ ਕਰਨ ਵਿੱਚ ਸਹਾਇਤਾ ਕਰਨਾ । ਸਹਿਕਾਰੀ ਵਿਭਾਗ ਦੇ ਅਫਸਰਾਂ ਨੂੰ ਸਭਾ ਦੇ ਸਾਰੇ ਲੇਖਿਆਂ, ਰਜਿਸਟਰਾਂ ਅਤੇ ਕਾਗਜ਼ਾਂ ਨੂੰ ਵੇਖਣ ਦੀ ਖੁਲ੍ਹ ਹੋਵੇਗੀ;

(੧੪) ਕਰਮਚਾਰੀਆਂ ਅਤੇ ਪਰਬੰਧਕ ਡਾਇਰੈਕਟਰ ਨੂੰ ਨਿਯੁਕਤ, ਮੁਅਤਲ ਜਾਂ ਬਰਖਾਸਤ ਕਰਨਾ ;

(੧੫) ਸਭਾ ਦੇ ਮੁਆਮਲਿਆਂ ਨਾਲ ਸਬੰਧਤ ਸਭਾ, ਕਮੇਟੀ, ਅਫਸਰ ਜਾਂ ਕਰਮਚਾਰੀ [illegible] ਸਭਾ ਦੇ ਕਿਸੇ ਮੈਂਬਰ, ਅਫਸਰ, ਕਰਮਚਾਰੀ ਜਾਂ ਕਿਸੇ ਹੋਰ ਵਿਅਕਤੀ ਜਿਸ ਨੂੰ ਆਮ [illegible] ਤ ਅਧਿਕਾਰ ਦਿਤੇ ਗਏ ਹੋਣ ਰਾਹੀਂ ਕਾਨੂੰਨੀ ਕਾਰਵਾਈ ਸ਼ੁਰੂ ਕਰਨਾ, ਪੈਰਵੀ ਕਰਨਾ, ਸਫਾਈ ਪੇਸ਼ ਕਰਨਾ, ਰਾਜ਼ੀਨਾਮਾ ਕਰਨਾ, ਸਾਲਸੀ ਦੇ ਸਪੁਰਦ ਕਰਨਾ ਜਾਂ ਛੱਡਣਾ;

(੧੬) ਸਭਾ ਦੀ ਤਰਫੋਂ ਦੂਜੀਆਂ ਰਜਿਸਟਰਡ ਸਹਿਕਾਰੀ ਸਭਾਵਾਂ ਵਿਚ, ਹਿੱਸੇ ਪਰਾਪਤ ਕਰਨਾ;

(੧੭) ਮੈਂਬਰਾਂ ਵਲੋਂ ਦਿਤੇ ਮੰਗ-ਪੱਤਰ ਉਤੇ ਖਾਦ ਅਤੇ ਉਨੱਤ ਬੀਜ ਖਰੀਦਣਾ ;

(੧੮) ਇਹ ਵੇਖਣਾ ਕਿ ਮੈਂਬਰ ਉਨਤ ਬੀਜ ਵਰਤਦੇ ਹਨ ਅਤੇ ਸਹਿਕਾਰੀ ਤੇ ਖੇਤੀਬਾੜੀ ਵਿਭਾਗਾਂ ਦੇ ਅਫਸਰਾਂ ਵਲੋਂ ਦਿਤੀ ਸਲਾਹ ਤੇ ਅਮਲ ਕਰਦੇ ਹਨ ;

(੧੯) ਉਪਨੇਮ ੧੨ ਅਧੀਨ ਲਾਏ ਚੰਦੇ ਅਤੇ ਜੁਰਮਾਨੇ ਨਿਰਧਾਰਨ ਕਰਨੇ ਅਤੇ ਵਸੂਲ ਕਰਨੇ ;

(੨੦) ਸਹਿਕਾਰੀ ਅਤੇ ਖੇਤੀਬਾੜੀ ਵਿਭਾਗਾਂ ਦੇ ਅਫਸਰਾਂ ਵਲੋਂ ਮਿਲੀਆਂ ਹਦਾਇਤਾਂ ਦੀ ਮੈਂਬਰਾਂ ਨੂੰ ਸੂਚਨਾ ਦੇਣੀ;

(੨੧) ਪੁਸਤਕਾਂ, ਸਟਾਕ ਅਤੇ ਫਰਨੀਚਰ ਦੀ ਰਾਖੀ ਦਾ ਪਰਬੰਧ ਕਰਨਾ ਅਤੇ ਇਨ੍ਹਾਂ ਉਪਨੇਮਾਂ ਵਿੱਚ ਨੀਅਤ ਕੀਤੇ ਸਾਰੇ ਰਜਿਸਟਰਾਂ ਅਤੇ ਕਾਗਜ਼ਾਂ ਦਾ ਚਾਰਜ ਲੈਣ ਲਈ ਆਪਣੇ ਕਿਸੇ ਮੈਂਬਰ ਜਾਂ ਪਿੰਡ ਦੇ ਵਸਨੀਕ ਸਭਾ ਦੇ ਕਿਸੇ ਅਫਸਰ ਦੀ ਨਿਯੁਕਤੀ ਕਰਨਾ ;

(੨੨) ਸਭਾ ਦੇ ਕਾਰ ਵਿਹਾਰ ਨੂੰ ਆਮ ਤੌਰ ਤੇ ਚਲਾਉਣਾ, ਸਭਾ ਦੇ ਕੰਮਕਾਰਾਂ ਨੂੰ ਚਲਾਉਣ ਲਈ ਕਮੇਟੀ ਸਾਧਾਰਨ ਕਾਰ-ਵਿਹਾਰ ਵਾਲੇ ਪਰਾਣੀ ਦੀ ਸਮਝ ਅਤੇ ਮਿਹਨਤ ਤੋਂ ਕੰਮ ਲਵੇਗੀ ਅਤੇ ਕਨੂੰਨ ਅਧਿਸੂਚਤ ਕੀਤੇ ਨੇਮਾਂ ਅਤੇ ਇਨ੍ਹਾਂ ਉਪ-ਨੇਮਾਂ ਵਿਰੁਧ ਕੰਮਾਂ ਰਾਹੀਂ ਉਠਾਏ ਕਿਸੇ ਨੁਕਸਾਨ ਲਈ ਜ਼ੁੰਮੇਵਾਰ ਹੋਵੇਗੀ ।

੨੪. ਕਮੇਟੀ ਦੀ ਇਕਤਰਤਾ ਵਿੱਚ ਵਿਚਾਰਿਆ ਜਾਂ ਫੈਸਲਾ ਕੀਤਾ ਸਮੂਹ ਕਾਰ-ਵਿਹਾਰ ਇੱਕ ਕਾਰਵਾਈ ਪੁਸਤਕ ਵਿੱਚ ਦਰਜ ਕੀਤਾ ਜਾਵੇਗਾ ਜਿਸ ਤੇ ਇਕਤਰਤਾ ਦੇ ਸਭਾਪਤੀ ਅਤੇ ਕਮੇਟੀ ਦੇ ਸਾਰੇ ਹਾਜ਼ਰ ਮੈਂਬਰਾਂ ਵਲੋਂ ਦਸਖ਼ਤ ਕੀਤੇ ਜਾਣਗੇ।

## ਸਕੱਤਰ

੨੫. ਕਮੇਟੀ ਇੱਕ ਸਕੱਤਰ ਨਿਯੁਕਤ ਕਰ ਸਕੇਗੀ ਜੋ ਆਮ-ਇਕਤਰਤਾ ਦੀ ਮਨਜ਼ੂਰੀ ਨਾਲ ਤਲਬ ਜਾਂ ਸੇਵਾਫਲ ਲੈ ਸਕੇਗਾ।

੨੬. ਸਕੱਤਰ ਦੇ ਅਧਿਕਾਰ ਤੇ ਫਰਜ਼ ਨਿਮਨ ਲਿਖਤ ਹੋਣਗੇ :—

(੧) ਨੀਅਤ ਕੀਤੇ ਕਾਗਜ਼ ਤੇ ਰਜਿਸਟਰਾਂ ਨੂੰ ਸਹੀ ਤੇ ਮੁਕੰਮਲ ਰਖਣਾ;
(੨) ਸਾਰੀਆਂ ਰਸੀਦਾਂ ਤੇ ਦਸਤਾਵੇਜ਼ ਜਿਹੜੇ ਸੂਚਿਤ ਕੀਤੇ ਨੇਮਾਂ ਉਪ ਨੇਮਾਂ ਅਨੁਸਾਰ ਲੋੜੀਂਦੇ ਹਨ ਜਾਂ ਉਹ ਜਿਹੜੇ ਕਮੇਟੀ ਵਲੋਂ ਮੰਗੇ ਗਏ ਹੋਣ, ਦਾ ਤਿਆਰ ਕਰਨਾ;
(੩) ਸਭਾ ਵਲੋਂ ਦਸਖ਼ਤ ਕਰਨੇ ਅਤੇ ਇਸ ਵਲੋਂ ਗਲਬਾਤ ਕਰਨਾ ;
(੪) ਅਜਿਹੀਆਂ ਇਕਤਰਤਾਵਾਂ ਦੀ ਕਾਰਵਾਈ ਦਰਜ ਕਰਨਾ ਅਤੇ ਉਨ੍ਹਾਂ ਤੇ ਯੋਗ ਤੌਰ ਤੇ ਦਸਖ਼ਤ ਕਰਾਉਣਾ;
(੫) ਆਮ ਇਕਤਰਤਾਵਾਂ ਅਤੇ ਕਮੇਟੀ ਇਕਤਰਤਾਵਾਂ ਦਾ ਬੁਲਾਉਣਾ ਤੇ ਉਨ੍ਹਾਂ ਵਿੱਚ ਹਾਜ਼ਰ ਹੋਣਾ;
(੬) ਸਾਲਾਨਾ ਨਕਸ਼ਾ ਬਣਾਉਣਾ ;
(੭) ਐਕਟ ਦੀ ਧਾਰਾ ੨੬ ਅਧੀਨ ਰਜਿਸਟਰਾਂ ਦੇ ਇੰਦਰਾਜ ਦੀਆਂ ਨਕਲਾਂ ਨੂੰ ਤਸਦੀਕ ਕਰਨਾ;

੨੭. ਨਿਮਨ ਲਿਖਤ ਰਜਿਸਟਰ ਤੇ ਕਾਗਜ਼ ਰਖੇ ਜਾਣਗੇ :—

(੧) ਮੈਂਬਰਾਂ ਦਾ ਰਜਿਸਟਰ ਜਿਸ ਵਿੱਚ ਹਰ ਇੱਕ ਮੈਂਬਰ ਦਾ ਨਾਂ,ਪਤਾ, ਪੇਸ਼ਾ, ਉਸ ਦੇ ਮੈਂਬਰ ਬਨਣ ਦੀ ਮਿਤੀ ਅਤੇ (ਜੇ ਨਾਬਾਲਗ ਹੋਵੇ) ਉਸ ਮਿਤੀ ਨੂੰ ਉਸ ਦੀ ਉਮਰ, ਉਸ ਦੇ ਮੈਂਬਰੀ ਤੋਂ ਹਟਣ ਦੀ ਮਿਤੀ ਅਤੇ ਉਪਨੇਮ ੯ ਅਧੀਨ ਨਿਯੁਕਤ ਕੀਤਾ ਨਾਮਜ਼ਦ, ਦਰਜ ਹੋਵੇਗਾ ;
(੨) ਵਸੂਲੀਆਂ ਤੇ ਖਰਚ ਦਰਸਾਉਂਦੀ ਰੋਕੜ-ਬਹੀ ਅਤੇ ਹਰ ਇੱਕ ਦਿਨ ਦਾ ਬਕਾਇਆ, ਜਿਸ ਦਿਨ ਕਿ ਕਾਰ-ਵਿਹਾਰ ਕੀਤਾ ਜਾਂਦਾ ਹੈ;
(੩) ਖੇਤੀਬਾੜੀ ਉਪਜ ਤੇ ਲੋੜਾਂ ਦੀ ਵਿਕਰੀ ਦਾ ਰਜਿਸਟਰ ਜਿਸ ਵਿੱਚ ਬਕਾਇਆ ਦੇ ਨਾਲ ਆਮਦਨ ਤੇ ਖਰਚ ਦੋਵੇਂ ਦਰਜ ਹੋਣਗੇ;
(੪) ਹਰ ਇੱਕ ਮੈਂਬਰ, ਜਮਾਂ ਕਰਾਉਣ ਅਤੇ ਘਟਾਉਣ ਵਾਲੇ ਦੀ ਖਾਤਾ-ਬਹੀ:
(੫) ਰਜਿਸਟਰ-ਕਾਰਵਾਈ, ਜਿਸ ਵਿੱਚ ਆਮ ਇਕਤਰਤਾ ਤੇ ਕਮੇਟੀ ਇਕਤਰਤਾ ਦੀਆਂ ਕਾਰਵਾਈਆਂ ਅਤੇ ਮੁਆਇਨਾ ਕਰਨ ਵਾਲੇ ਅਫਸਰ ਦੇ ਨੋਟ ਦਰਜ ਹੋਣਗੇ ;
(੬) ਹਰ ਇੱਕ ਮੈਂਬਰ ਜਾਂ ਜਮਾਂ ਕਰਾਉਣ ਵਾਲੇ ਦੀ ਪਾਸ-ਬੁਕ;
(੭) ਹਰ ਫਸਲ ਵਿੱਚ ਵਖੋ ਵਖ ਫਸਲਾਂ ਅਧੀਨ ਰਕਬਾ ਦਰਸਾਉਂਦਾ ਰਜਿਸਟਰ;
(੮) ਸਭਾ ਵਿੱਚ ਮੈਂਬਰ ਦਾ ਹਿਤ ਦਰਸਾਉਂਦਾ ਰਜਿਸਟਰ;
(੯) ਰਜਿਸਟਰ ਜਿਸ ਵਿੱਚ ਭੌਂ ਵਿੱਚ ਹੋਏ ਸੁਧਾਰ ਅਤੇ ਕਾਸ਼ਤ ਲਈ ਬਣਾਈ ਗਈ ਸਕੀਮ ਦਰਸਾਈ ਹੋਵੇ ;
(੧੦) ਸਟਾਕ ਰਜਿਸਟਰ;
(੧੧) ਸਹਿਕਾਰੀ ਵਿਭਾਗ ਵਲੋਂ ਤਜਵੀਜ਼ ਕੀਤਾ ਕੋਈ ਹੋਰ ਰਜਿਸਟਰ ;

੨੮. ਪਰਬੰਧਕ ਡਾਇਰੈਕਟਰ ਅਤੇ ਕੋਈ ਹੋਰ ਮੈਂਬਰ ਜਿਸ ਨੂੰ ਉਨ੍ਹਾਂ ਦੇ ਮਤਲਬ ਲਈ ਪਰਬੰਧਕ ਕਮੇਟੀ ਵਲੋਂ ਅਧਿਕਾਰ ਦਿਤਾ ਗਿਆ ਹੋਵੇ ਉਪ ਨੇਮ ੨੭ ਵਿੱਚ ਨੀਅਤ ਕੀਤੇ ਸਭਾ ਦੀ ਵਰਤੋਂ ਲਈ ਸਾਰੇ ਰਜਿਸਟਰਾਂ ਅਤੇ ਕਾਗਜ਼ਾਂ ਨੂੰ ਸੰਭਾਲੇਗਾ ਅਤੇ ਸੁਰੱਖਤ ਰਾਖੀ ਵਿੱਚ ਰਖੇਗਾ।

੨੯. ਉਨ੍ਹਾਂ ਪਰਾਣੀਆਂ ਨੂੰ ਜਿਨ੍ਹਾਂ ਦੇ ਫੰਡਾਂ ਵਿਚ ਹਿਤ ਹਨ ਸਭਾ ਦੇ ਰਜਿਸਟਰਾਂ ਅਤੇ ਕਾਗਜ਼ਾਂ ਦਾ ਮੁਆਇਨਾ ਕਰਨ ਦੀ ਖੁਲ੍ਹ ਹੋਵੇਗੀ ਪਰ ਕਿਸੇ ਨੂੰ ਕਿਸੇ ਹੋਰ ਪਰਾਣੀ ਦੇ ਜਮਾਂ ਲੇਖੇ ਨੂੰ ਉਸ ਦੀ ਲਿਖਤੀ ਰਜ਼ਾਮੰਦੀ ਤੋਂ ਬਿਨਾ ਵੇਖਣ ਦੀ ਆਗਿਆ ਨਹੀਂ ਹੋਵੇਗੀ। ਉਪਨੇਮਾਂ ਅਤੇ ਬਕਾਇਆ ਚਿੱਠੇ ਦੀਆਂ ਨਕਲਾਂ ਹਰ ਮੈਂਬਰ ਨੂੰ ਮੰਗ ਕਰਨ ਤੇ ਮੁਫਤ ਦਿਤੀਆਂ ਜਾਣਗੀਆਂ।

## ਖਜ਼ਾਨਚੀ

੩੦. ਖਜ਼ਾਨਚੀ, ਬੈਂਕ ਤੋਂ, ਮੈਂਬਰਾਂ ਤੋਂ ਅਤੇ ਹੋਰਾਂ ਤੋਂ ਸਭਾ ਵਲੋਂ ਵਸੂਲ ਕੀਤੀ ਸਾਰੀ ਰਕਮ ਦਾ ਚਾਰਜ ਲਵੇਗਾ ਅਤੇ ਕਮੇਟੀ ਦੀ ਹਦਾਇਤ ਅਨੁਸਾਰ ਭੁਗਤਾਨ ਕਰੇਗਾ। ਉਹ ਆਪਣੀ ਸਹੀ ਦੀ ਤਸਦੀਕ ਵਜੋਂ ਹਰ ਰਜਿਸਟਰ ਤੇ ਦਸਤਖ਼ਤ ਕਰੇਗਾ ਅਤੇ ਜਦੋਂ ਕਮੇਟੀ ਜਾਂ ਲੇਖਾ-ਪੜਤਾਲਕਾਰ ਵਲੋਂ ਵੇਖਣ ਲਈ ਮੰਗ ਕੀਤੀ ਜਾਵੇ, ਰੋਕੜ ਬਾਕੀ ਪੇਸ਼ ਕਰੇਗਾ।

## ਪਰਬੰਧਕ ਡਾਇਰੈਕਟਰ

੩੧. ਪਰਬੰਧਕ ਡਾਇਰੈਕਟਰ ਦੇ ਨਿਮਨ ਲਿਖਤ ਫਰਜ਼ ਹੋਣਗੇ:—

(੧) ਭੋਂ ਦੀ ਕਾਸ਼ਤ ਦਾ ਪਰਬੰਧ ਕਰਨਾ;

(੨) ਸਭਾ ਦੇ ਕਰਮਚਾਰੀਆਂ ਦੇ ਕੰਮਾਂ ਅਤੇ ਡੰਗਰਾਂ ਦੀ ਸੰਭਾਲ ਦੀ ਨਿਗਰਾਨੀ ਕਰਨਾ;

(੩) ਲੇਖਿਆਂ ਦੇ ਠੀਕ ਰੱਖਣ ਲਈ ਜ਼ੁਮੇਵਾਰ ਹੋਣਾ ।

## ਫੰਡਾਂ ਦੀ ਵਰਤੋਂ

੩੨. ਸਭਾ ਦੇ ਦਸੇ ਮੰਤਵਾਂ ਅਤੇ ਉਪ-ਨੇਮਾਂ ੩੩, ੩੪ ਤੇ ੪੦ ਵਿੱਚ ਦਿਤੇ ਮਨੋਰਥਾਂ ਦੀ ਉਨਤੀ ਲਈ ਸਭਾ ਦੇ ਫੰਡਾਂ ਨੂੰ ਖ਼ਰਚ ਕੀਤਾ ਜਾ ਸਕੇਗਾ ।

੩੩. ਸਭਾ ਆਪਣੇ ਫੰਡਾਂ ਨੂੰ ਗੁਦਾਮਾਂ ਦੇ ਬਣਾਉਣ ਅਤੇ ਅਜਿਹੇ ਢੰਗ ਵਰਤ ਕੇ, ਜਿਸ ਤਰਾਂ ਕਿ ਖੇਤੀਬਾੜੀ ਵਿਭਾਗ ਵਲੋਂ ਸਫਾਰਸ਼ ਕੀਤੀ ਜਾਵੇ, ਕਾਸ਼ਤ ਅਧੀਨ ਭੋਂ ਨੂੰ ਉਨਤ ਕਰਨ ਲਈ ਵਰਤੇਗੀ ।

## ਲਾਭ

੩੪. ਸਾਲ ਦੇ ਅੰਤ ਤੋਂ ਪਹਿਲਾਂ, ਸਾਰੇ ਖ਼ਰਚ ਅਤੇ ਸਰਕਾਰ ਦੇ ਮਸੂਲਾਂ ਦੀ ਅਦਾਇਗੀ ਤੋਂ ਬਾਦ ਬਾਕੀ ਬਚਤਾਂ-ਨਫ਼ਾ ਨਿਮਨ ਲਿਖਤ ਅਨੁਸਾਰ ਵੰਡਿਆ ਜਾਵੇਗਾ:—

(੧) ੨੫% ਰਾਖਵੇਂ ਫੰਡ ਵਿਚ ਰਖਿਆ ਜਾਵੇਗਾ;

(੨) ੨੫% ਆਮ ਉਨਤੀ ਫੰਡ ਵਿੱਚ;

(੩) ਪੂਰੇ ਦਿਤੇ ਹਿੱਸਿਆਂ ਦਾ ਲਾਭ-ਅੰਸ਼ ਜੋ ੧੦% ਤੋਂ ਵਧ ਨਹੀਂ ਹੋਵੇਗਾ ਮੈਂਬਰਾਂ ਵਿੱਚ ਵੰਡਿਆ ਜਾ ਸਕੇਗਾ;

## ਲੇਖਾ ਪੜਤਾਲ

੩੫. ਸਭਾ ਅਜਿਹਾ ਚੰਦਾ ਅਦਾ ਕਰੇਗੀ ਜਿਹਾ ਕਿ ਰਜਿਸਟਰਾਰ ਸਹਿਕਾਰੀ ਸਭਾਵਾਂ ਵਲੋਂ ਸਮੇਂ ਸਮੇਂ ਨੀਅਤ ਕੀਤਾ ਜਾਵੇ ।

Assistant Registrar
Co-operative Societies, Punjab
195

## ਝਗੜਾ

੩੬. ਸਭਾ ਦੇ ਉਪਨੇਮਾਂ ਜਾਂ ਕਾਰ-ਵਿਹਾਰ ਨਾਲ ਸਬੰਧਤ ਸਭਾ ਦੇ ਮੈਂਬਰਾਂ ਜਾਂ ਸਾਬਕਾ ਮੈਂਬਰਾਂ ਜਾਂ ਉਨ੍ਹਾਂ ਰਾਹੀਂ ਹੱਕ ਜਤਲਾਉਂਦੇ ਪਰਾਣੀਆਂ ਵਿਚਕਾਰ ਜਾਂ ਕਿਸੇ ਮੈਂਬਰ ਜਾਂ ਸਾਬਕਾ ਮੈਂਬਰ ਜਾਂ ਇਸ ਤਰ੍ਹਾਂ ਹੱਕ ਜਤਲਾਉਂਦੇ ਪਰਾਣੀਆਂ ਅਤੇ ਕਮੇਟੀ ਜਾਂ ਕਿਸੇ ਅਫਸਰ ਵਿਚਕਾਰ ਕਿਸੇ ਝਗੜੇ ਨੂੰ ਸਥਾਨਕ ਸਰਕਾਰ ਵਲੋਂ ਸੂਚਤ ਕੀਤੇ ਨੇਮਾਂ ਵਿੱਚ ਉਪਬੰਧ ਕੀਤੇ ਅਨੁਸਾਰ ਰਜਿਸਟਰਾਰ ਦੇ ਸਪੁਰਦ ਕੀਤਾ ਜਾਵੇਗਾ ।

## ਖ਼ਤਮ ਕਰਨਾ

੩੭. ਸਭਾ, ਐਕਟ ਦੀ ਧਾਰਾ ੩੯ ਜਾਂ ਧਾਰਾ ੪੦ ਅਧੀਨ ਕੇਵਲ ਰਜਿਸਟਰਾਰ ਦੇ ਹੁਕਮ ਰਾਹੀਂ ਖ਼ਤਮ ਕੀਤੀ ਜਾਵੇਗੀ । ਸਭ ਦੇਣਦਾਰੀਆਂ ਚੁਕਾਉਣ ਉਪਰੰਤ ਬਾਦ ਰਾਖਵੇਂ ਫੰਡਾਂ ਨੂੰ ਸਥਾਨਕ ਤੇ ਜਨਤਕ ਲਾਭ ਦੇ ਅਜਿਹੇ ਮੰਤਵ ਲਈ ਵਰਤਿਆ ਜਾ ਸਕਦਾ ਹੈ ਜਿਹੜੇ ਕਿ ਕਮੇਟੀ ਵਲੋਂ ਚੁਣੇ ਜਾਣ ਅਤੇ ਜਿਨ੍ਹਾਂ ਦੀ ਰਜਿਸਟਰਾਰ ਵਲੋਂ ਪਰਵਾਨਗੀ ਦਿਤੀ ਜਾਵੇ । ਜੇ ਸਭਾ ਦੇ ਖ਼ਤਮ ਹੋਣ ਤੋਂ ਤਿੰਨ ਮਹੀਨੇ ਅੰਦਰ ਕਮੇਟੀ ਅਜਿਹਾ ਮੰਤਵ ਚੁਨਣ ਵਿੱਚ ਅਸਫਲ ਰਹੇ ਜਿਸ ਦੀ ਕਿ ਰਜਿਸਟਰਾਰ ਵਲੋਂ ਪਰਵਾਨਗੀ ਦਿਤੀ ਗਈ ਹੋਵੇ ਤਾਂ ਰਜਿਸਟਰਾਰ ਰਾਖਵੇਂ ਫੰਡ ਦੀ ਬਾਕੀ ਉਸ ਸਹਿਕਾਰੀ ਸਭਾ ਦੇ ਲੇਖੇ ਵਿੱਚ ਜਮਾਂ ਕਰ ਦੇਵੇਗਾ ਜਿਸ ਨਾਲ ਕਿ ਇਹ ਸਭਾ ਸਬੰਧਤ ਸੀ ਜਾਂ ਕਿਸੇ ਸਹਿਕਾਰੀ ਜਾਂ ਹੋਰ ਬੈਂਕ ਵਿਚ ਰਕਮ ਜਮਾਂ ਕਰਾ ਦੇਵੇਗਾ ਜਦ ਤਕ ਕਿ ਕੋਈ ਨਵੀਂ ਸਹਿਕਾਰੀ ਸਭਾ ਰਜਿਸਟਰ ਹ ਜਾਵੇ ਜਿਸ ਦੇ ਕੰਮ ਦਾ ਦਾਇਰਾ ਉਹੋ ਜਿਹਾ ਹੀ ਹੋਵੇ ਜਿਸ ਹਾਲਤ ਵਿੱਚ ਕਿ ਇਹ ਨਵੀਂ ਸਭਾ ਦੇ ਰਾਖਵੇਂ ਫੰਡ ਵਿੱਚ ਜਮਾਂ ਕਰਾ ਦਿਤੀ ਜਾਵੇਗੀ ।

B. S. P. P. No.—1121—1—8—56—1,500